ਵਿਚਾਰ-ਚਰਚਾ — ਗੁਰਸ਼ਰਨ ਸਿੰਘ

# ਵਾਹ ਓਏ ਤੁਹਾਡੇ ਚੋਜ

ਵੱਡੇ ਲੋਕਾਂ ਵੱਲੋਂ ਧੀਆਂ-ਪੁੱਤਰਾਂ ਦੇ ਵਿਆਹ-ਸ਼ਾਦੀਆਂ 'ਤੇ ਵਿਖਾਈ ਸ਼ਾਨੋ-ਸ਼ੌਕਤ ਦਾ ਅੱਜ- ਕੱਲ੍ਹ ਬੜਾ ਚਰਚਾ ਹੈ। ਅੱਜ ਤੋਂ ਤਿੰਨ-ਚਾਰ ਸਾਲ ਪਹਿਲਾਂ ਜੈਲਲਿਥਾ ਦੇ ਗੋਦ ਲਏ ਪੁੱਤਰ ਦਾ ਵਿਆਹ ਹੋਇਆ ਸੀ, ਜਿਸ 'ਤੇ 100 ਕਰੋੜ ਰੁਪਇਆ ਖਰਚਾ ਹੋਇਆ ਸੀ। ਅੱਜਕੱਲ੍ਹ ਮੁਲਾਇਮ ਸਿੰਘ ਯਾਦਵ ਦੇ ਪੁੱਤਰ ਤੇ ਲਾਲੂ ਯਾਦਵ ਦੀ ਧੀ ਦਾ ਵਿਆਹ ਸੁਰਖੀਆਂ ਵਿਚ ਹੈ। ਇਹਦੇ ਨਾਲ ਹੀ ਅਖ਼ਬਾਰਾਂ ਵਿਚ ਕੁਝ ਐਸੇ ਵਿਆਹਾਂ ਉੱਤੇ ਖਰਚਿਆਂ ਦਾ ਜ਼ਿਕਰ ਆਇਆ ਹੈ, ਜਿਹੜੇ ਅੱਜ ਦੇ ਅਮੀਰ ਕਰ ਰਹੇ ਹਨ।

ਰੈਨਬੈਕਸੀ ਕੰਪਨੀ ਦੇ ਮਾਲਕ ਭਾਈ ਮਨਜੀਤ ਸਿੰਘ ਜੀ (ਇਕ ਬੜੇ ਗੁਰਮੁੱਖ ਸਿੰਘ ?) ਦੇ ਪੁੱਤਰ ਬਿਕਰਮਜੀਤ ਸਿੰਘ ਦੇ ਵਿਆਹ ਦੀ ਇਕ ਮਿਸਾਲ ਹੈ। ਉਸ ਵਿਆਹ 'ਤੇ ਦੁਨੀਆ ਭਰ ਦੀਆਂ ਸਭ ਤੋਂ ਮਹਿੰਗੀਆਂ ਸ਼ਰਾਬਾਂ ਨਦੀ ਦੇ ਪਾਣੀ ਵਾਕੁਨ ਵਰਤਾਈਆਂ ਗਈਆਂ। ਇਕ ਖਾਸ ਰਿਜ਼ਰਵ ਕੀਤੇ ਜਹਾਜ਼ ਰਾਹੀਂ ਮਹਿਮਾਨ ਰੂਸ ਤੋਂ ਆਏ ਕਿਉਂਕਿ ਵਹੁਟੀ ਦੇ ਰਿਸ਼ਤੇਦਾਰ ਉੱਥੇ ਵਸਦੇ ਹਨ। ਸਜਾਵਟ ਲਈ ਫੁੱਲ ਹਾਲੈਂਡ ਤੋਂ ਆਏ। ਇਕ ਮੋਟਾ ਅਨੁਮਾਨ ਹੈ ਕਿ ਇਸ ਵਿਆਹ 'ਤੇ 30 ਕਰੋੜ ਰੁਪਿਆ ਖਰਚਿਆ ਗਿਆ। ਫ਼ਿਲਮੀ ਐਕਟਰ ਅਤੇ ਐਕਟਰਸਾਂ ਬੰਬਈ ਤੋਂ ਨੱਚਣ-ਟੱਪਣ ਲਈ ਆਏ। ਇਹ ਸਭ ਕੁਝ ਇਸ ਮੁਲਕ ਵਿਚ ਚੱਲਦਾ ਹੈ, ਜਿੱਥੇ 35 ਕਰੋੜ ਲੋਕ (ਅਮਰੀਕਾ ਤੇ ਕੈਨੇਡਾ ਦੀ ਕੁੱਲ ਆਬਾਦੀ ਤੋਂ ਬਹੁਤੇ) ਭੁੱਖਮਰੀ ਦਾ ਜੀਵਨ ਜੀਂਦੇ ਹਨ ਅਤੇ ਏਨੇ ਹੀ ਉਸ ਪੱਧਰ ਤੋਂ ਥੋੜ੍ਹੇ ਜਿਹੇ ਹੀ ਉੱਤੇ ਜੀਂਦੇ ਹਨ। ਹਰ ਤਿੰਨ ਮਿੰਟ ਦੇ ਬਾਅਦ ਇਕ ਬੱਚੇ ਦੀ ਮੌਤ ਹੁੰਦੀ ਹੈ, ਕਿਉਂਕਿ ਉਸ ਨੂੰ ਇਲਾਜ ਲਈ ਦਵਾਈ ਨਹੀਂ ਮਿਲੀ। 60 ਕਰੋੜ ਕੋਲ ਬਿਜਲੀ ਦੀ ਰੌਸ਼ਨੀ ਨਹੀਂ, 70 ਕਰੋੜ ਲੋਕਾਂ ਨੂੰ ਪੀਣ ਦਾ ਸੁਥਰਾ ਪਾਣੀ ਮੁਹੱਈਆ ਨਹੀਂ। 29 ਕਰੋੜ ਅਨਪੜ੍ਹ ਹਨ। ਪਿੰਡਾਂ ਵਿਚ 100 ਵਿਚੋਂ 70 ਔਰਤਾਂ ਨੇ ਕਦੀ ਅੱਖਰ ਦੇ ਦਰਸ਼ਨ ਨਹੀਂ ਕੀਤੇ।

ਜਦੋਂ ਅਮੀਰਾਂ ਨੂੰ ਇਹ ਅੰਕੜੇ ਦੱਸੇ ਜਾਂਦੇ ਹਨ ਤਾਂ ਉਹਨਾਂ ਦਾ ਰਵੱਈਆ ਹੁੰਦਾ ਹੈ 'ਅਸੀਂ ਕੀ ਕਰੀਏ ? ਅਸਾਂ ਗ਼ਰੀਬਾਂ ਦਾ ਠੇਕਾ ਲਿਆ ਹੋਇਆ ਹੈ ? ਸਾਡੇ ਕੋਲ ਹੈ ਤਾਂ ਅਸੀਂ ਕਿਉਂ ਨਾ ਅਯਾਸ਼ੀ ਕਰੀਏ ?' ਇਹ ਬੇਸ਼ਰਮੀ 1991 ਤੋਂ ਬਾਅਦ ਖੁੱਲ੍ਹ ਕੇ ਸਾਹਮਣੇ ਆ ਗਈ ਹੈ। ਮਨਮੋਹਣ ਸਿੰਘ ਦੀ ਆਜ਼ਾਦ ਆਰਥਕਤਾ ਦਾ ਇਹ ਐਲਾਨੀਆ ਫ਼ਲਸਫ਼ਾ ਹੈ ਕਿ ਗ਼ਰੀਬ ਜੇਕਰ ਭੁੱਖੇ ਮਰਦੇ ਹਨ ਤਾਂ ਇਸਦਾ ਮਤਲਬ ਇਹ ਨਹੀਂ ਕਿ ਅਮੀਰ ਵੀ ਭੁੱਖੇ ਮਰਨ। ਹਸਪਤਾਲਾਂ ਵਿਚ ਜੇਕਰ ਗ਼ਰੀਬਾਂ ਦੇ ਇਲਾਜ ਲਈ ਪ੍ਰਬੰਧ ਨਹੀਂ ਤਾਂ ਇਸਦਾ ਮਤਲਬ ਇਹ ਨਹੀਂ ਕਿ ਅਮੀਰ ਵੀ ਲਾਇਲਾਜ ਰਹਿਣ। ਇਸ ਫ਼ਲਸਫ਼ੇ ਦੀ ਹੀ ਇਹ ਦੇਣ ਹੈ ਕਿ ਲੀਡਰ ਲੋਕ ਵੀ ਖੁੱਲ੍ਹਕੇ ਇਹਨਾਂ ਜਸ਼ਨਾਂ ਵਿਚ ਸ਼ਮੂਲੀਅਤ ਕਰ ਰਹੇ ਹਨ।

1983 ਵਿਚ ਆਪਣੇ ਇਕ ਨਾਟਕ 'ਹਰ ਇਕ ਨੂੰ ਜੀਣ ਦਾ ਹੱਕ ਚਾਹੀਦਾ ਹੈ' ਵਿਚ ਮੈਂ ਇਹ ਸਵਾਲ ਉਠਾਇਆ ਸੀ। ਇਹ ਨਾਟਕ ਅੰਮ੍ਰਿਤਸਰ ਵਿਚ ਸਾਬਕਾ ਸਪੀਕਰ ਹੋਰਾਂ ਦੀ ਧੀ ਦੇ ਵਿਆਹ ਦੀ ਸ਼ਾਨੋ-ਸ਼ੌਕਤ ਵੇਖਕੇ ਲਿਖਿਆ ਸੀ। ਮੈਂ ਉਸਨੂੰ ਹੂ-ਬ-ਹੂ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ। ਨਾਟਕ ਵਿਚ ਇਕ ਸੂਤਰਧਾਰ ਹੈ, ਚਾਰ ਅਦਾਕਾਰ ਹਨ। ਨਾਟਕ ਦੀ ਸ਼ੈਲੀ ਨੁੱਕਰ-ਨਾਟਕ ਦੀ ਹੈ।

**ਸੂਤਰਧਾਰ**— ਇਸ ਦੇਸ਼ ਵਿਚ ਹਰ ਸੜਕ 'ਤੇ ਇਕ ਕਹਾਣੀ, ਹਰ ਮੋੜ 'ਤੇ ਇਕ ਕਹਾਣੀ ਤੇ ਸੁਣੋ ਇਸ ਸੜਕ ਦੀ ਕਹਾਣੀ।

1. ਇਹ ਸੜਕ ਵਗਦੀ ਸੀ।
2. ਇਥੋਂ ਕਾਰਾਂ ਲੰਘਦੀਆਂ ਸਨ।
3. ਸਕੂਟਰ ਲੰਘਦੇ ਸਨ।
4. ਸਾਈਕਲ ਲੰਘਦੇ ਸਨ।

1. ਪਰ ਹੁਣ ਇਹ ਬੰਦ ਏ।
2. ਇੱਥੇ ਤੰਬੂ ਕਨਾਤ ਲੱਗੇ ਹੋਏ ਨੇ।
3. ਬਿਜਲੀਆਂ ਜਗਮਗਾ ਰਹੀਆਂ ਨੇ।
4. ਲੀਡਰ ਸਾਹਿਬ ਦੀ ਧੀ ਦਾ ਵਿਆਹ ਏ।

1. ਹਕੂਮਤੀ ਪਾਰਟੀ ਦੇ ਬੰਦੇ ਨੇ।
2. ਉਹ ਪਾਰਟੀ ਜੋ ਮਹਾਤਮਾ ਗਾਂਧੀ ਦੇ ਨਾਂ ਦੀ ਸੌਂਹ ਖਾਂਦੀ ਸੀ।
3. ਮਹਾਤਮਾ ਗਾਂਧੀ ਜੋ ਲੰਗੋਟੀ ਵਿਚ ਰਹਿੰਦਾ ਸੀ।
4. ਮਹਾਤਮਾ ਗਾਂਧੀ ਜੋ ਸਾਦਗੀ ਦਾ ਪਰਚਾਰ ਕਰਦਾ ਸੀ।

1. ਉਹ ਕਹਿੰਦਾ ਸੀ ਜੇ ਤੁਹਾਡੇ ਕੋਲ ਦੌਲਤ ਹੈ।
2. ਤਾਂ ਉਹਦਾ ਹੋਛਾ ਵਿਖਾਵਾ ਨਾ ਕਰੋ।
3. ਕਿਉਂਕਿ ਇਹ ਵਿਖਾਵਾ ਗ਼ਰੀਬ ਨੂੰ ਤਕਲੀਫ਼ ਪੁਚਾਂਦਾ ਹੈ।
4. ਉਹਦੀ ਦੁਖਦੀ ਰਗ ਨੂੰ ਹੋਰ ਦੁਖਾਂਦਾ ਹੈ।

**ਸੂਤਰਧਾਰ**—ਦੌਲਤ ਦਾ ਹੋਛਾ ਪ੍ਰਗਟਾਵਾ ਸਮਾਜ ਵਿਰੁੱਧ ਇਕ ਪਾਪ ਹੈ।

(ਇਕ ਗਰੀਬੜਾ ਜਿਹਾ ਬੰਦਾ ਆਉਂਦਾ ਹੈ ਉਸਦੀਆਂ ਅੱਖਾਂ ਚੁੰਧਿਆ ਰਹੀਆਂ ਹਨ)

**ਇਕੱਠੇ** : ਭਲਿਆ ਲੋਕਾ, ਕੀ ਵੇਖ ਰਿਹਾ ਏਂ ?

**ਗਰੀਬੜਾ** : ਰੌਸ਼ਨੀਆਂ ਵੇਖ ਰਿਹਾ ਹਾਂ।

**ਇਕੱਠੇ** : ਕਿਉਂ ?

**ਗਰੀਬੜਾ** : ਤਾਂ ਜੋ ਪੁੱਤਰੋ, ਆਪਣੀ ਝੁੱਗੀ ਦੇ ਹਨੇਰੇ ਨੂੰ ਯਾਦ ਕਰ ਸਕਾਂ।

**ਸੂਤਰਧਾਰ** : ਹਾਂ ਜੋ ਇਸ ਰੌਸ਼ਨੀ ਦਾ ਹਜ਼ਾਰਵਾਂ ਹਿੱਸਾ ਵੀ ਇਸਦੀ ਝੁੱਗੀ ਦੇ ਹਿੱਸੇ ਆ ਸਕੇ ਤਾਂ ਇਸਦੀ ਝੁੱਗੀ 'ਚ ਉਮਰ ਭਰ ਚਾਨਣਾ ਰਹਿ ਸਕਦਾ ਏ। ਇਸ ਰੌਸ਼ਨੀ ਦਾ ਸੌਵਾਂ ਹਿੱਸਾ ਗਰੀਬਾਂ ਦੀ ਬਸਤੀ 'ਤੇ ਪੁੱਜ ਜਾਏ ਤਾਂ ਉਹ ਹਨੇਰੀ ਬਸਤੀ ਸਦਾ ਲਈ ਰੌਸ਼ਨ ਹੋ ਜਾਏ। ਤੇ ਇਹ ਰੌਸ਼ਨੀ ਇਥੇ ਜਗਮਗ ਕਰ ਰਹੀ ਹੈ, ਗਰੀਬ ਆਦਮੀ ਨੂੰ ਦੁਖੀ ਕਰਨ ਲਈ, ਉਹਨੂੰ ਯਾਦ ਕਰਵਾਉਣ ਲਈ—

1. ਉਹਦੀ ਝੁੱਗੀ ਹਨੇਰੀ ਏ।
2. ਉਹਦੀ ਬਸਤੀ ਹਨੇਰੀ ਏ।
3. ਉਹਦੀ ਜ਼ਿੰਦਗੀ ਹਨੇਰੀ ਏ।
4. ਉਹਦੀ ਦੁਨੀਆ ਹਨੇਰੀ ਏ।

**ਸੂਤਰਧਾਰ**—ਤੇ ਇਹ ਨੇ ਜੋ ਅੰਨ੍ਹੀ ਜਗਮਗ ਕਰਕੇ ਆਪਣੀ ਅਮੀਰੀ ਦਾ ਵਿਖਾਵਾ ਕਰ ਰਹੇ ਨੇ।

1. ਲੋਕਾਂ ਦੀ ਰੌਸ਼ਨੀ ਤੇ ਡਾਕਾ ਮਾਰ ਰਹੇ ਨੇ।
2. ਇਹ ਰੋਜ਼ ਟੀ. ਵੀ. ਵਿਚ ਪਰਚਾਰ ਕਰਦੇ ਨੇ।
3. ਚਾਨਣ ਦੇ ਵਣਜਾਰੇ ਪ੍ਰੋਗਰਾਮ ਵਿਖਾਂਦੇ ਨੇ।
4. ਚਾਨਣ ਚੁਰਾਉਣ ਵਾਲੇ ਚਾਨਣ ਦੇ ਵਣਜਾਰੇ ਬਣ ਜਾਂਦੇ ਨੇ।

(ਬਾਬਾ ਰੌਸ਼ਨੀਆਂ ਵੱਲ ਵੇਖੀ ਜਾ ਰਿਹਾ ਹੈ)

**ਸੂਤਰਧਾਰ** : ਬਾਬਾ ਕੀ ਵੇਖ ਰਿਹਾ ਏਂ ?

**ਗਰੀਬੜਾ** : ਇਥੇ ਸਰਦਾਰ ਜੀ ਦੇ ਕੀ ਏ ?

**ਸੂਤਰਧਾਰ** : ਕੋਠੀ ਵਾਲਿਆਂ ਦੀ ਧੀ ਦਾ ਵਿਆਹ ਏ।

**ਗਰੀਬੜਾ** : (ਹਉਕਾ ਲੈ ਕੇ) ਅੱਛਾ ਸੁਖੀ ਵਸੇ।

**ਸੂਤਰਧਾਰ** : ਪਰ ਬਾਬਾ ਗੱਲ ਕੀ ਏ ?

**ਗਰੀਬੜਾ** : ਮੈਨੂੰ ਆਪਣੀ ਧੀ ਦੀ ਯਾਦ ਆ ਗਈ ਏ।

**ਸੂਤਰਧਾਰ** : ਕਿਉਂ ਇਹੋ ਜਿਹੀ ਕੀ ਗੱਲ ਏ ?

**ਗਰੀਬੜਾ** : ਮੈਂ ਹਾਲੀਂ ਤੱਕ ਆਪਣੀ ਧੀ ਦੇ ਹੱਥ ਪੀਲੇ ਨਹੀਂ ਕਰ ਸਕਿਆ।

**ਸੂਤਰਧਾਰ** : ਕਿਉਂ ਬਾਬਾ ?

**ਗਰੀਬੜਾ** : ਕਾਰਜ ਲਈ ਜੋ ਪੈਸੇ ਜੋੜੇ ਸਨ, ਉਹ ਬਿਮਾਰੀ ਨੇ ਖਾ ਲਏ।

(ਅੱਖਾਂ ਪੂੰਝੀ ਜਾਂਦਾ ਹੈ)

**ਸੂਤਰਧਾਰ** : ਜਿਸ ਦੇਸ਼ ਦੀ ਇਹ ਹਾਲਤ ਹੋਵੇ—

1. ਕਰੋੜਾਂ ਲੋਕਾਂ ਨੂੰ ਦੋ ਵੇਲੇ ਦੀ ਰੋਟੀ ਨਾ ਮਿਲਦੀ ਹੋਵੇ।
2. ਲੱਖਾਂ ਧੀਆਂ ਦਾਜ ਖੁਣੋਂ ਸਾੜੀਆਂ ਜਾ ਰਹੀਆਂ ਹੋਣ।
3. ਕਰੋੜਾਂ ਦੇ ਸਿਰ 'ਤੇ ਛੱਤ ਨਾ ਹੋਵੇ।
4. ਕਰੋੜਾਂ ਸੜਕਾਂ 'ਤੇ ਬੇਰੁਜ਼ਗਾਰ ਫਿਰਦੇ ਹੋਣ।

**ਸੂਤਰਧਾਰ** : ਉੱਥੇ ਇਹਨਾਂ ਲੋਕਾਂ ਦਾ ਕੀ ਹੱਕ ਬਣਦਾ ਹੈ ਕਿ ਅਮੀਰੀ ਦਾ ਇਸ ਤਰ੍ਹਾਂ ਹੋਛਾ ਵਿਖਾਵਾ ਕਰਨ।

1. ਇਹ ਲੋਕ ਜੋ ਵਿਧਾਨ ਸਭਾ ਦੇ ਮੈਂਬਰ ਨੇ।
2. ਇਹ ਲੋਕ ਜੋ ਮਹਾਤਮਾ ਗਾਂਧੀ ਦਾ ਖੱਦਰ ਪਾਉਣ ਵਾਲੇ ਨੇ।
3. ਇਹ ਲੋਕ ਜੋ ਲੋਕਾਂ ਨੂੰ ਰਾਹ ਵਿਖਾਉਣ ਵਾਲੇ ਨੇ।
4. ਇਹ ਲੋਕ ਜੋ ਲੋਕ ਸੇਵਾ ਦਾ ਦਾਅਵਾ ਕਰਦੇ ਨੇ।

1. ਇਹਨਾਂ ਨੂੰ ਸ਼ਰਮ ਨਹੀਂ ਆਂਦੀ ?
2. ਇਹਨਾਂ ਵਰਗਿਆਂ ਹੋਰਨਾਂ ਨੂੰ ਸ਼ਰਮ ਕਿਉਂ ਨਹੀਂ ਆਂਦੀ ?
3. ਇਹਨਾਂ ਨੂੰ ਸ਼ਰਮ ਦਿਵਾਉਣੀ ਪਏਗੀ।
4. ਇਹਨਾਂ ਦੇ ਪਿੱਛਿਆਂ 'ਤੇ ਅੱਕ ਉਗਾਣੀ ਪਏਗੀ।

**ਇਕੱਠੇ ਬਾਹਵਾਂ ਉੱਚੀਆਂ ਕਰਕੇ** : ਇਹ ਧਰਤੀ ਸਾਡੀ ਹੈ, ਸਾਨੂੰ ਜੀਣ ਦਾ ਹੱਕ ਚਾਹੀਦੈ, ਤੁਹਾਨੂੰ ਜੀਣ ਦਾ ਹੱਕ ਚਾਹੀਦੈ, ਹਰ ਇਕ ਨੂੰ ਜੀਣ ਦਾ ਹੱਕ ਚਾਹੀਦੈ।

1983 ਵਿਚ ਇਹ ਇਕ ਨਾਟਕਕਾਰ ਦੀ ਆਵਾਜ਼ ਸੀ। ਹੁਣ ਵੀ ਉਹੀ ਹਾਲਤ ਹੈ। ਫੇਰ ਕੀ ਕਰੀਏ ? ਚੇਤਨ ਲੋਕਾਂ ਦੀਆਂ ਜਥੇਬੰਦੀਆਂ ਬਣਾਈਏ। ਇਸ ਹੋਛੇ ਵਿਖਾਵੇ ਵਿਰੁੱਧ ਰੋਸ ਪ੍ਰਗਟ ਕਰੀਏ। ਇਹ ਜ਼ਰੂਰੀ ਕਦਮ ਹੈ। ਅੱਜ ਕਿਸੇ ਸੰਪੂਰਨ ਇਨਕਲਾਬ ਦੀ ਲੋੜ ਹੈ।

•••